Australian Human Rights Commission

**ਤੱਥ ਸ਼ੀਟ ਲੜੀ: ਸਕਾਰਾਤਮਕ ਡਿਊਟੀ**
*ਲਿੰਗ ਭੇਦਭਾਵ ਕਾਨੂੰਨ 1984* (Cth) ਦੇ ਤਹਿਤ

Punjabi | ਪੰਜਾਬੀ

# ਸਕਾਰਾਤਮਕ ਡਿਊਟੀ ਕੀ ਹੁੰਦੀ ਹੈ

ਸਤੰਬਰ 2023

**ਸਕਾਰਾਤਮਕ ਡਿਊਟੀ** ਦਸੰਬਰ 2022 ਵਿੱਚ *ਲਿੰਗ ਭੇਦਭਾਵ ਕਾਨੂੰਨ 1984* (Cth) ਵਿੱਚ ਸ਼ਾਮਿਲ ਕੀਤੀ ਗਈ ਇੱਕ ਕਾਨੂੰਨੀ ਜ਼ਿੰਮੇਵਾਰੀ ਹੈ। ਇਹ 'ਕਾਰੋਬਾਰ ਜਾਂ ਕੰਮ ਚਲਾਉਣ ਵਾਲੇ ਵਿਅਕਤੀਆਂ' ਅਤੇ 'ਰੁਜ਼ਗਾਰਦਾਤਾਵਾਂ' (ਜਿਵੇਂ ਕਿ ਲਿੰਗ ਭੇਦਭਾਵ ਕਾਨੂੰਨ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ) 'ਤੇ ਲਾਗੂ ਹੁੰਦੀ ਹੈ। ਇਸ ਤੱਥ ਸ਼ੀਟ ਵਿੱਚ ਅਸੀਂ ਇਹਨਾਂ ਡਿਊਟੀ ਧਾਰਕਾਂ ਨੂੰ 'ਸੰਸਥਾਵਾਂ ਅਤੇ ਕਾਰੋਬਾਰਾਂ' ਵਜੋਂ ਸੰਬੋਧਿਤ ਕਰਦੇ ਹਾਂ।

ਸਕਾਰਾਤਮਕ ਡਿਊਟੀ ਮੰਗ ਕਰਦੀ ਹੈ ਕਿ ਸੰਸਥਾਵਾਂ ਅਤੇ ਕਾਰੋਬਾਰਾਂ ਨੂੰ ਜਿੱਥੋਂ ਤੱਕ ਸੰਭਵ ਹੋ ਸਕੇ ਹੇਠਾਂ ਦਿੱਤੇ ਵਿਵਹਾਰਾਂ ਨੂੰ ਖ਼ਤਮ ਕਰਨ ਲਈ 'ਵਾਜਬ ਅਤੇ ਢੁੱਕਵੇਂ ਉਪਾਅ' ਕਰਨ ਦੀ ਲੋੜ ਹੁੰਦੀ ਹੈ:

- ਕੰਮ ਦੇ ਸੰਬੰਧ ਵਿੱਚ ਲਿੰਗ ਦੇ ਆਧਾਰ 'ਤੇ ਭੇਦਭਾਵ
- ਕੰਮ ਦੇ ਸੰਬੰਧ ਵਿੱਚ ਜਿਨਸੀ ਛੇੜਛਾੜ
- ਕੰਮ ਦੇ ਸੰਬੰਧ ਵਿੱਚ ਲਿੰਗ-ਅਧਾਰਿਤ ਛੇੜਛਾੜ
- ਕੰਮ ਵਾਲੀ ਥਾਂ 'ਤੇ ਅਜਿਹਾ ਮਾਹੌਲ ਪੈਦਾ ਕਰਨ ਵਾਲਾ ਰਵੱਈਆ ਜੋ ਲਿੰਗ ਆਧਾਰ 'ਤੇ ਵਿਰੋਧਤਾ ਵਾਲਾ ਹੈ
- ਪੀੜਤ ਕਰਨ ਨਾਲ ਸੰਬੰਧਿਤ ਕਾਰਵਾਈਆਂ।

ਅਸੀਂ ਸਕਾਰਾਤਮਕ ਡਿਊਟੀ ਬਾਰੇ ਸਾਡੇ ਪ੍ਰਕਾਸ਼ਨਾਂ ਵਿੱਚ ਇਹਨਾਂ ਵਿਵਹਾਰਾਂ ਨੂੰ '**ਸੰਬੰਧਿਤ ਗ਼ੈਰ-ਕਾਨੂੰਨੀ ਵਿਵਹਾਰ**' ਜਾਂ '**ਗ਼ੈਰ-ਕਾਨੂੰਨੀ ਵਿਵਹਾਰ**' ਕਹਿੰਦੇ ਹਾਂ।

ਸਕਾਰਾਤਮਕ ਡਿਊਟੀ ਦਾ ਉਦੇਸ਼ ਕੰਮ ਵਾਲੀ ਥਾਂ 'ਤੇ ਲਿੰਗਕ ਭੇਦਭਾਵ, ਜਿਨਸੀ ਛੇੜਛਾੜ ਅਤੇ ਹੋਰ ਗ਼ੈਰ-ਕਾਨੂੰਨੀ ਵਿਵਹਾਰ ਨੂੰ ਵਾਪਰਨ ਤੋਂ ਰੋਕ ਕੇ ਤਬਦੀਲੀ ਲਿਆਉਣਾ ਹੈ, ਨਾ ਕਿ ਇਹ ਵਾਪਰਨ ਤੋਂ ਬਾਅਦ ਇਸ 'ਤੇ ਪ੍ਰਤੀਕਿਰਿਆ ਕਰਨ ਦੀ ਬਜਾਏ।

ਪਹਿਲਾਂ, ਗ਼ੈਰ-ਕਾਨੂੰਨੀ ਵਿਵਹਾਰ ਦੀ ਰਿਪੋਰਟ ਕਰਨਾ ਕਰਮਚਾਰੀਆਂ ਉੱਪਰ ਛੱਡ ਦਿੱਤਾ ਗਿਆ ਸੀ। ਸਕਾਰਾਤਮਕ ਡਿਊਟੀ ਸੰਸਥਾਵਾਂ ਅਤੇ ਕਾਰੋਬਾਰਾਂ ਵੱਲੋਂ ਰੋਕਥਾਮ ਕਾਰਵਾਈ ਕਰਨ ਦੀ ਮੰਗ ਕਰਕੇ ਕਰਮਚਾਰੀਆਂ ਤੋਂ ਇਸ ਬੋਝ ਨੂੰ ਹਟਾਉਂਦੀ ਹੈ, ਭਾਵੇਂ ਕੋਈ ਰਿਪੋਰਟ ਕੀਤੀ ਗਈ ਹੋਵੇ ਜਾਂ ਨਾ।

ਆਸਟ੍ਰੇਲੀਆਈ ਮਨੁੱਖੀ ਅਧਿਕਾਰ ਕਮਿਸ਼ਨ ਦੁਆਰਾ *Respect@Work: ਆਸਟ੍ਰੇਲੀਆਈ ਕਾਰਜ ਸਥਾਨਾਂ 'ਤੇ ਜਿਨਸੀ ਸ਼ੋਸ਼ਣ ਬਾਰੇ ਰਾਸ਼ਟਰੀ ਜਾਂਚ-ਪੜਤਾਲ ਦੀ ਰਿਪੋਰਟ* ਵਿੱਚ ਕੀਤੀ ਗਈ ਸਿਫ਼ਾਰਸ਼ ਤੋਂ ਬਾਅਦ ਸਕਾਰਾਤਮਕ ਡਿਊਟੀ ਦੀ ਸ਼ੁਰੂਆਤ ਕੀਤੀ ਗਈ ਸੀ। ਗ਼ੈਰ-ਕਾਨੂੰਨੀ ਵਿਵਹਾਰਾਂ ਲਈ ਇਹ ਰੋਕਥਾਮ ਵਾਲੀ ਪਹੁੰਚ ਕੰਮ 'ਤੇ ਸਿਹਤ ਅਤੇ ਸੁਰੱਖਿਆ ਕਾਨੂੰਨਾਂ ਸਮੇਤ ਹੋਰ ਕੰਮ ਵਾਲੀ ਥਾਂ ਦੀਆਂ ਸੁਰੱਖਿਆਵਾਂ ਨਾਲ ਮੇਲ ਖਾਂਦੀ ਹੈ।

## ਸਕਾਰਾਤਮਕ ਡਿਊਟੀ ਕਿਸਨੂੰ ਪੂਰੀ ਕਰਨੀ ਚਾਹੀਦੀ ਹੈ?

ਆਸਟ੍ਰੇਲੀਆ ਵਿਚਲੀਆਂ ਸਾਰੀਆਂ ਸੰਸਥਾਵਾਂ ਅਤੇ ਕਾਰੋਬਾਰਾਂ ਨੂੰ ਜਿਨ੍ਹਾਂ ਦੀਆਂ ਲਿੰਗ ਭੇਦਭਾਵ ਕਾਨੂੰਨ ਅਧੀਨ ਕਾਨੂੰਨੀ ਜ਼ਿੰਮੇਵਾਰੀਆਂ ਹਨ, ਉਹਨਾਂ ਦੇ ਆਕਾਰ ਜਾਂ ਸਰੋਤਾਂ ਦੀ ਪਰਵਾਹ ਕੀਤੇ ਬਗ਼ੈਰ ਸਕਾਰਾਤਮਕ ਡਿਊਟੀ ਨੂੰ ਪੂਰਾ ਕਰਨਾ ਲਾਜ਼ਮੀ ਹੈ। ਇਸ ਵਿੱਚ ਇਕੱਲੇ ਵਪਾਰੀ ਅਤੇ ਸਵੈ-ਰੁਜ਼ਗਾਰ ਕਰਨ ਵਾਲੇ ਲੋਕਾਂ ਦੇ ਨਾਲ-ਨਾਲ ਛੋਟੇ, ਦਰਮਿਆਨੇ ਅਤੇ ਵੱਡੇ ਕਾਰੋਬਾਰ ਅਤੇ ਸਰਕਾਰ ਸ਼ਾਮਲ ਹਨ।

## ਸਕਾਰਾਤਮਕ ਡਿਊਟੀ ਕਿਸਦੇ ਵਿਵਹਾਰ ਨੂੰ ਸ਼ਾਮਿਲ ਕਰਦੀ ਹੈ?

ਸਕਾਰਾਤਮਕ ਡਿਊਟੀ ਦੁਆਰਾ ਸ਼ਾਮਿਲ ਕੀਤੇ ਵਿਵਹਾਰਾਂ ਵਿੱਚ ਇਹਨਾਂ ਦੁਆਰਾ ਕੀਤੇ ਗਏ ਵਿਵਹਾਰ ਸ਼ਾਮਲ ਹਨ:

- ਰੁਜ਼ਗਾਰਦਾਤਾ ਜਾਂ ਕੋਈ ਸੰਸਥਾ ਜਾਂ ਕਾਰੋਬਾਰ ਚਲਾ ਰਹੇ ਲੋਕਾਂ ਦੁਆਰਾ
- ਕਰਮਚਾਰੀਆਂ, ਕਾਮਿਆਂ ਅਤੇ ਏਜੰਟਾਂ ਦੁਆਰਾ
- ਉਹਨਾਂ ਦੇ ਕੰਮ ਦੇ ਸੰਬੰਧ ਵਿੱਚ ਕਰਮਚਾਰੀਆਂ ਅਤੇ ਕਾਮਿਆਂ ਪ੍ਰਤੀ (ਕੁੱਝ ਮਾਮਲਿਆਂ ਵਿੱਚ) ਤੀਜੀਆਂ ਧਿਰਾਂ ਦੁਆਰਾ ਜਿਵੇਂ ਕਿ ਗਾਹਕਾਂ, ਅਸਾਮੀਆਂ, ਮਰੀਜ਼ਾਂ, ਵਿਦਿਆਰਥੀਆਂ, ਆਮ ਲੋਕਾਂ ਅਤੇ ਹੋਰਾਂ ਦੁਆਰਾ।

ਤੀਜੀਆਂ ਧਿਰਾਂ ਕਾਮਿਆਂ ਲਈ ਕਾਫ਼ੀ ਜ਼ਿਆਦਾ ਜ਼ੋਖਮ ਪੈਦਾ ਕਰ ਸਕਦੀਆਂ ਹਨ। ਤੀਜੀਆਂ ਧਿਰਾਂ ਦੇ ਵਿਵਹਾਰ ਲਈ ਸਕਾਰਾਤਮਕ ਡਿਊਟੀ ਦਾ ਇਹ ਵਿਸਥਾਰ ਉਸ ਮਹੱਤਵਪੂਰਨ ਭੂਮਿਕਾ ਨੂੰ ਪਛਾਣਦਾ ਹੈ ਜੋ ਸੰਸਥਾਵਾਂ ਅਤੇ ਕਾਰੋਬਾਰ ਆਪਣੇ ਕਰਮਚਾਰੀਆਂ ਨੂੰ ਇਹਨਾਂ ਜ਼ੋਖਮਾਂ ਤੋਂ ਬਚਾਉਣ ਵਿੱਚ ਨਿਭਾ ਸਕਦੇ ਹਨ।

## ਗ਼ੈਰ-ਕਾਨੂੰਨੀ ਵਿਵਹਾਰ ਕਦੋਂ ਅਤੇ ਕਿੱਥੇ ਹੋ ਸਕਦਾ ਹੈ?

ਜਿਨਸੀ ਛੇੜਛਾੜ ਅਤੇ ਹੋਰ ਗ਼ੈਰ-ਕਾਨੂੰਨੀ ਵਿਵਹਾਰ ਬਹੁਤ ਸਾਰੇ ਹਾਲਾਤਾਂ ਵਿੱਚ ਵਾਪਰ ਸਕਦੇ ਹਨ ਜੋ ਜ਼ਰੂਰੀ ਤੌਰ 'ਤੇ ਸ਼ਾਮਲ ਲੋਕਾਂ ਦੇ ਕੰਮ ਵਾਲੀ ਥਾਂ, ਜਾਂ ਕੰਮ ਦੇ ਘੰਟਿਆਂ ਤੱਕ ਹੀ ਸੀਮਿਤ ਨਹੀਂ ਹੁੰਦੇ ਹਨ।

ਸਕਾਰਾਤਮਕ ਡਿਊਟੀ ਦੁਆਰਾ ਸ਼ਾਮਿਲ ਕੀਤੇ ਗਏ ਗ਼ੈਰ-ਕਾਨੂੰਨੀ ਵਿਵਹਾਰ ਹੋ ਸਕਦੇ ਹਨ:

- ਕੰਮ ਦੇ ਸਮੇਂ ਦੌਰਾਨ ਜਾਂ ਕੰਮਕਾਜੀ ਘੰਟਿਆਂ ਬਾਅਦ ਕੰਮ ਵਾਲੀ ਥਾਂ 'ਤੇ
- ਦੁਪਹਿਰ ਦੇ ਖਾਣੇ ਦੀ ਬ੍ਰੇਕ ਦੌਰਾਨ
- ਦੂਰ-ਦੁਰਾਡਿਓਂ ਕੰਮ ਕਰਦੇ ਸਮੇਂ (ਘਰ ਜਾਂ ਕਾਰਜ ਸਥਾਨ ਤੋਂ ਬਗ਼ੈਰ ਹੋਰ ਕਿਤੇ)
- ਸਟਾਫ਼ ਡਰਿੰਕਸ ਜਾਂ ਸਟਾਫ਼ ਫੰਕਸ਼ਨ 'ਤੇ (ਕੰਮ 'ਤੇ ਜਾਂ ਕਿਤੇ ਹੋਰ)
- ਕਾਰਜ ਸਥਾਨ ਤੋਂ ਬਾਹਰ ਅਤੇ ਕੰਮਕਾਜੀ ਸਮੇਂ ਤੋਂ ਬਾਹਰ ਸਹਿਕਰਮੀਆਂ ਵਿਚਕਾਰ
- ਕੰਮ ਨਾਲ ਸੰਬੰਧਿਤ ਯਾਤਰਾ ਦੌਰਾਨ।

ਲੋਕਾਂ ਨੂੰ ਸਕਾਰਾਤਮਕ ਡਿਊਟੀ ਦੁਆਰਾ ਸ਼ਾਮਿਲ ਕੀਤੇ ਜਾਣ ਵਾਲੇ ਵਿਵਹਾਰ ਲਈ ਸਹਿਕਰਮੀ ਜਾਂ ਇਕੱਠੇ ਕੰਮ ਕਰਦੇ ਹੋਣਾ ਜ਼ਰੂਰੀ ਨਹੀਂ ਹੈ। ਉਦਾਹਰਨ ਲਈ, ਜਦੋਂ ਉਹ ਕੰਮ 'ਤੇ ਹੁੰਦੇ ਹਨ ਤਾਂ ਗਾਹਕਾਂ, ਅਸਾਮੀਆਂ ਜਾਂ ਮਰੀਜ਼ਾਂ ਵਰਗੀਆਂ ਤੀਜੀਆਂ ਧਿਰਾਂ ਲਈ ਕਿਸੇ ਨੂੰ ਜਿਨਸੀ ਤੌਰ 'ਤੇ ਪ੍ਰੇਸ਼ਾਨ ਕਰਨਾ ਗ਼ੈਰ-ਕਾਨੂੰਨੀ ਹੈ। ਆਪਣੇ ਕੰਮ ਦੇ ਸੰਬੰਧ ਵਿੱਚ ਕਿਸੇ ਕਰਮਚਾਰੀ ਲਈ ਕਿਸੇ ਗਾਹਕ, ਅਸਾਮੀ ਜਾਂ ਮਰੀਜ਼ ਨੂੰ ਜਿਨਸੀ ਤੌਰ 'ਤੇ ਪ੍ਰੇਸ਼ਾਨ ਕਰਨਾ ਵੀ ਗ਼ੈਰ-ਕਾਨੂੰਨੀ ਹੈ।

## ਗ਼ੈਰ-ਕਾਨੂੰਨੀ ਵਿਵਹਾਰ ਦਾ ਅਨੁਭਵ ਕੌਣ ਕਰ ਸਕਦਾ ਹੈ?

ਸਾਰੇ ਉਦਯੋਗਾਂ ਵਿੱਚ ਕਿਸੇ ਵੀ ਕੰਮ ਵਾਲੀ ਥਾਂ 'ਤੇ, ਕੋਈ ਵੀ ਵਿਅਕਤੀ ਗ਼ੈਰ-ਕਾਨੂੰਨੀ ਵਿਵਹਾਰ ਦਾ ਅਨੁਭਵ ਕਰ ਸਕਦਾ ਹੈ। ਹਾਲਾਂਕਿ, ਕੁੱਝ ਕਰਮਚਾਰੀ ਦੂਜਿਆਂ ਦੇ ਮੁਕਾਬਲੇ ਕੁੱਝ ਖ਼ਾਸ ਕਿਸਮ ਦੇ ਗ਼ੈਰ-ਕਾਨੂੰਨੀ ਵਿਵਹਾਰ ਲਈ ਨਿਸ਼ਾਨਾ ਬਣਾਏ ਜਾਣ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ। ਉਦਾਹਰਨ ਲਈ, ਜਿਨ੍ਹਾਂ ਲੋਕਾਂ ਨੂੰ ਕੰਮ ਵਾਲੀ ਥਾਂ 'ਤੇ ਜਿਨਸੀ ਛੇੜਛਾੜ ਦਾ ਸਭ ਤੋਂ ਵੱਧ ਖ਼ਤਰਾ ਹੁੰਦਾ ਹੈ, ਉਨ੍ਹਾਂ ਵਿੱਚ ਔਰਤਾਂ, LGBTIQ+ ਵਜੋਂ ਪਛਾਣ ਰੱਖਦੇ ਲੋਕ, ਘੱਟ ਉਮਰ ਦੇ ਲੋਕ, ਅਪਾਹਜ ਲੋਕ, ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕ ਅਤੇ ਸੱਭਿਆਚਾਰਕ ਅਤੇ ਨਸਲੀ ਤੌਰ 'ਤੇ ਹਾਸ਼ੀਏ 'ਤੇ ਰੱਖੇ ਗਏ ਲੋਕ ਸ਼ਾਮਲ ਹਨ। ਉਹ ਕਰਮਚਾਰੀ ਜੋ ਅਸਥਾਈ ਕੰਮ ਦੇ ਵੀਜ਼ੇ 'ਤੇ ਹਨ ਜਾਂ ਕੈਜ਼ੂਅਲ ਜਾਂ ਅਸੁਰੱਖਿਅਤ ਪ੍ਰਬੰਧਾਂ ਅਧੀਨ ਕੰਮ ਕਰਦੇ ਹਨ, ਖ਼ਾਸ ਤੌਰ 'ਤੇ ਕਮਜ਼ੋਰ ਹੁੰਦੇ ਹਨ।

## ਸਕਾਰਾਤਮਕ ਡਿਊਟੀ ਦੇ ਕਾਨੂੰਨ ਦੀ ਪਾਲਣਾ ਕਿਵੇਂ ਕਰੀਏ?

ਕਮਿਸ਼ਨ ਨੇ ਸੰਸਥਾਵਾਂ ਅਤੇ ਕਾਰੋਬਾਰਾਂ ਨੂੰ ਉਹਨਾਂ ਦੀਆਂ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਸਮਝਣ ਅਤੇ ਸਕਾਰਾਤਮਕ ਡਿਊਟੀ ਨੂੰ ਪੂਰਾ ਕਰਨ ਲਈ ਕਿਹੜੇ ਕਦਮ ਚੁੱਕਣੇ ਹਨ, ਵਿੱਚ ਸਹਾਇਤਾ ਕਰਨ ਲਈ **ਸਕਾਰਾਤਮਕ ਡਿਊਟੀ ਦੀ ਪਾਲਣਾ ਕਰਨ ਲਈ ਦਿਸ਼ਾ-ਨਿਰਦੇਸ਼ਾਂ** ਸਮੇਤ ਕਈ ਸਰੋਤ ਪ੍ਰਕਾਸ਼ਿਤ ਕੀਤੇ ਹਨ। ਇਹ ਦਿਸ਼ਾ-ਨਿਰਦੇਸ਼ ਉਹਨਾਂ ਵਿਹਾਰਕ ਕਾਰਵਾਈਆਂ ਦੀਆਂ ਉਦਾਹਰਨਾਂ ਵੀ ਦਿੰਦੇ ਹਨ ਜੋ ਸੰਸਥਾਵਾਂ ਅਤੇ ਕਾਰੋਬਾਰ ਕਰ ਸਕਦੇ ਹਨ।

ਜਦੋਂ ਕਿ ਲਿੰਗ ਭੇਦਭਾਵ ਕਾਨੂੰਨ ਸੰਸਥਾਵਾਂ ਅਤੇ ਕਾਰੋਬਾਰਾਂ ਨੂੰ ਜਿੱਥੋਂ ਤੱਕ ਸੰਭਵ ਹੋਵੇ, ਗ਼ੈਰ-ਕਾਨੂੰਨੀ ਵਿਵਹਾਰ ਨੂੰ ਖ਼ਤਮ ਕਰਨ ਲਈ ਸਰਗਰਮ ਕਦਮ ਚੁੱਕਣ ਦੀ ਮੰਗ ਕਰਦਾ ਹੈ, ਇਹ ਵੀ ਮੰਨਦਾ ਹੈ ਕਿ ਇਹ ਕਾਰਵਾਈਆਂ ਵੱਖ-ਵੱਖ ਸੰਸਥਾਵਾਂ ਅਤੇ ਕਾਰੋਬਾਰਾਂ ਲਈ ਵੱਖੋ-ਵੱਖਰੀਆਂ ਦਿਖਾਈ ਦੇਣਗੀਆਂ। ਅਜਿਹਾ ਇਸ ਲਈ ਹੈ ਕਿਉਂਕਿ ਜੋ ਕਿਸੇ ਇੱਕ ਸੰਸਥਾ ਜਾਂ ਕਾਰੋਬਾਰ ਲਈ ਵਾਜਬ ਹੁੰਦੀ ਹੈ, ਹੋ ਸਕਦਾ ਹੈ ਕਿ ਉਹ ਦੂਜੀ ਲਈ ਵਾਜਬ ਨਾ ਹੋਵੇ।

ਇਹਨਾਂ ਦਿਸ਼ਾ-ਨਿਰਦੇਸ਼ਾਂ ਨੇ ਚਾਰ ਮਾਰਗਦਰਸ਼ਕ ਸਿਧਾਂਤ ਅਤੇ ਸੱਤ ਮਿਆਰ ਨਿਰਧਾਰਤ ਕੀਤੇ ਹਨ ਜੋ ਕਮਿਸ਼ਨ ਨੂੰ ਉਮੀਦ ਹੈ ਕਿ ਉਹ ਸਕਾਰਾਤਮਕ ਡਿਊਟੀ ਨੂੰ ਪੂਰਾ ਕਰਨ ਲਈ ਸੰਸਥਾਵਾਂ ਅਤੇ ਕਾਰੋਬਾਰਾਂ ਨੂੰ ਪੂਰਾ ਕਰਨਗੇ। ਇਹ ਮਾਰਗਦਰਸ਼ਕ ਸਿਧਾਂਤ ਅਤੇ ਮਿਆਰ ਇਸ ਬਾਰੇ ਖੋਜ 'ਤੇ ਅਧਾਰਤ ਹਨ ਕਿ ਕੀ ਕੰਮ ਕਰਦਾ ਹੈ। ਉਹ ਰੋਕਥਾਮ ਅਤੇ ਜਵਾਬੀ ਕਾਰਵਾਈ ਲਈ ਇੱਕ ਅੰਤ-ਤੋਂ-ਅੰਤ ਫਰੇਮਵਰਕ ਪ੍ਰਦਾਨ ਕਰਦੇ ਹਨ ਜੋ ਸੰਸਥਾਵਾਂ ਅਤੇ ਕਾਰੋਬਾਰ ਆਪਣੇ ਕਰਮਚਾਰੀਆਂ ਦੇ ਅਨੁਸਾਰ ਬਣਾ ਸਕਦੇ ਹਨ। ਸੰਸਥਾਵਾਂ ਅਤੇ ਕਾਰੋਬਾਰਾਂ ਨੂੰ ਮਾਰਗਦਰਸ਼ਕ ਸਿਧਾਂਤਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ ਅਤੇ ਸਕਾਰਾਤਮਕ ਡਿਊਟੀ ਨੂੰ ਲਾਗੂ ਕਰਦੇ ਸਮੇਂ ਹਰੇਕ ਮਿਆਰ ਪ੍ਰਤੀ ਕਾਰਵਾਈ ਕਰਨੀ ਚਾਹੀਦੀ ਹੈ।

## ਕਮਿਸ਼ਨ ਦੀ ਭੂਮਿਕਾ

ਦਸੰਬਰ 2023 ਤੋਂ, ਕਮਿਸ਼ਨ ਕੋਲ ਸਕਾਰਾਤਮਕ ਡਿਊਟੀ ਦੀ ਜਾਂਚ ਅਤੇ ਲਾਗੂ ਕਰਨ ਲਈ ਨਵੀਆਂ ਸ਼ਕਤੀਆਂ ਹੋਣਗੀਆਂ।

ਇਹਨਾਂ ਸ਼ਕਤੀਆਂ ਦੇ ਤਹਿਤ ਕਮਿਸ਼ਨ ਉਹਨਾਂ ਸੰਸਥਾਵਾਂ ਅਤੇ ਕਾਰੋਬਾਰਾਂ ਦੀ ਜਾਂਚ ਕਰ ਸਕਦਾ ਹੈ ਜਿਹਨਾਂ ਬਾਰੇ ਉਸਨੂੰ ਸ਼ੱਕ ਹੈ ਕਿ ਉਹ ਸਕਾਰਾਤਮਕ ਡਿਊਟੀ ਦੀ ਪਾਲਣਾ ਨਹੀਂ ਕਰ ਰਹੇ ਹਨ। ਜੇਕਰ ਕਮਿਸ਼ਨ ਨੂੰ ਕਾਨੂੰਨ ਗ਼ੈਰ-ਪਾਲਣਾ ਮਿਲਦੀ ਹੈ, ਤਾਂ ਇਹ ਪਹਿਲਾਂ ਸੰਸਥਾਵਾਂ ਅਤੇ ਕਾਰੋਬਾਰਾਂ ਨਾਲ ਕੰਮ ਕਰਨ ਦੀ ਪੇਸ਼ਕਸ਼ ਕਰ ਸਕਦਾ ਹੈ ਤਾਂ ਜੋ ਉਹਨਾਂ ਦਾ ਉਹਨਾਂ ਦੀਆਂ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਸਮਰਥਨ ਕੀਤਾ ਜਾ ਸਕੇ (ਜਿੱਥੇ ਉਚਿਤ ਹੋਵੇ)। ਕਮਿਸ਼ਨ ਸੰਸਥਾਵਾਂ ਅਤੇ ਕਾਰੋਬਾਰਾਂ ਨਾਲ ਸਮਝੌਤੇ ਵੀ ਕਰ ਸਕਦਾ ਹੈ, ਜਾਂ ਕਾਨੂੰਨ ਪਾਲਣਾ ਨੋਟਿਸ ਜਾਰੀ ਕਰ ਸਕਦਾ ਹੈ, ਜੋ ਅਦਾਲਤ ਦੁਆਰਾ ਲਾਗੂ ਕਰਵਾਇਆ ਜਾ ਸਕਦਾ ਹੈ।

ਤੁਸੀਂ ਕਮਿਸ਼ਨ ਦੀ ਵੈੱਬਸਾਈਟ 'ਤੇ ਲਿੰਗ ਭੇਦਭਾਵ ਕਾਨੂੰਨ ਦੇ ਤਹਿਤ ਸਕਾਰਾਤਮਕ ਡਿਊਟੀ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਸਰੋਤਾਂ ਵਿੱਚ *ਸਕਾਰਾਤਮਕ ਡਿਊਟੀ ਦੀ ਪਾਲਣਾ ਕਰਨ ਲਈ ਦਿਸ਼ਾ-ਨਿਰਦੇਸ਼*, ਇੱਕ *ਜਾਣਕਾਰੀ ਗਾਈਡ: ਸੰਬੰਧਿਤ ਗੈਰ-ਕਾਨੂੰਨੀ ਸੰਚਾਲਨ, ਕਾਰਕ, ਜ਼ੋਖਮ ਕਾਰਕ ਅਤੇ ਪ੍ਰਭਾਵ*, ਇੱਕ *ਝਟਪਟ ਗਾਈਡ*, *ਛੋਟੇ ਕਾਰੋਬਾਰਾਂ ਲਈ ਸਰੋਤ*, ਅਤੇ ਹੋਰ ਤੱਥ ਸ਼ੀਟਾਂ ਸ਼ਾਮਲ ਹਨ।

Australian Human Rights Commission